8420/NH

A-2110

# ਪੰਜਾਬੀ ਸਾਹਿਤ ਚੋਣਵਾਂ

SEMESTER-I

TIME 3 HOURS　　　　　　　　　　　　　　　　MM:75

ਭਾਗ -ੳ-1

1. ਹੇਠ ਲਿਖੇ ਕਾਵਿ-ਟੋਟਿਆਂਵਿਚੋਂਕਿਸੇਇਕ ਦੀ ਪ੍ਰਸੰਗ ਸਹਿਤਵਿਆਖਿਆਕਰੋ-

ੳ) ਜੇ ਤੂੰ ਪੰਧ ਜ਼ਿੰਦਗੀ ਦਾ ਸੌਖ ਨਾਲ ਕਟਣਾ ਏਂ,
ਦੁਨੀਆਂ ਦੇ ਲੋਭ ਵਾਲੀ ਮੋਢਿਉਂ ਉਤਾਰ ਗੰਢ।
ਪੱਲਾ ਫੜੀ ਇਕ ਦਾ ਜਹਾਨ ਵਿਚ ਘੁੱਟ ਕੇ ਤੂੰ,
ਜਣੇ-ਖਣੇ ਨਾਲ ਪਿਆਐਵੇਂ ਨਾ ਪਿਆਰ ਗੰਢ।

ਅ) ਦੁੱਧ ਚਿੱਟੀਆਂ ਰਗ਼ਦਾਰਮਰਮਰਾਂ, ਦੇ ਗਲਘੱਤ ਕੇ ਬਾਂਹੀਂ,
ਸੁਹਲਪਤਲੀਆਂ ਚੰਨਦੀਆਂ ਰਿਸ਼ਮਾਂ, ਸੁੱਤੀਆਂ ਬੇ-ਪਰਵਾਹੀਂ।
ਬਿਰਛਾਂ ਬੂਟਿਆਂ ਦੇ ਪਰਛਾਵੇਂ, ਨਸ਼ਿਆਂ ਨਾਲ ਗੜੂੰਦੇ,
ਘਾਹ ਦੇ ਸੁਹਲ ਸੀਨਿਆਂ ਉੱਤੇ, ਸਵਾਦ ਸਵਾਦ ਹੋ ਊਂਘੇ।

ੲ) ਲੱਗੀ ਨਜ਼ਰ ਪੰਜਾਬ ਨੂੰ
ਏਦੀ ਨਜ਼ਰ ਉਤਾਰੋ
ਲੈ ਕੇ ਮਿਰਚਾਂ ਕੌੜੀਆਂ
ਏਦੇ ਸਿਰਤੋਂ ਵਾਰੋ
ਸਿਰਤੋਂ ਵਾਰੋ, ਵਾਰ ਕੇ
ਅੱਗ ਦੇ ਵਿਚ ਸਾੜੋ,
ਲੱਗੀ ਨਜ਼ਰ ਪੰਜਾਬ ਨੂੰ
ਏਦੀ ਨਜ਼ਰ ਉਤਾਰੋ।　　　　　　　　ਅੰਕ: 5

2. ਕਿਸੇ ਇਕ ਕਵਿਤਾ ਦੇ ਵਿਸ਼ਾ-ਵਸਤੂ ਬਾਰੇ ਚਰਚਾ ਕਰੋ।
ਉਸ ਦਾਹਾਰ, ਇਨਕਾਰ,

ਜਾਂ

ਸਿਵ ਕੁਮਾਰ ਦੀ ਪੰਜਾਬੀ ਸਾਹਿਤ ਨੂੰ ਦੇਣ ਉੱਪਰ ਨੋਟ ਲਿਖੋ।　　　　　　　　ਅੰਕ: 10

ਭਾਗ-ੳ-2

3. ਰੂਪ-ਧਾਰਾ ਨਾਵਲ ਦੇ ਵਿਸ਼ਾ-ਵਸਤੂ ਨੋਟ ਲਿਖੋ।

ਜਾਂ

ਰੂਪ-ਧਾਰਾ ਦੇ ਕਥਾਨਕ ਉੱਪਰ ਨੋਟ ਲਿਖੋ।　　　　　　　　ਅੰਕ: 10

ਭਾਗ-ਅ-1

4.ਕਿਸੇ ਇਕ ਕਾਵਿ-ਰੂਪ ਬਾਰੇ ਲਿਖੋ।

ਨਾਜ਼ਮ, ਗੀਤ, ਰੁਬਾਈ ਅੰਕ: 10

ਭਾਗ-ਅ-2

5. ਕਿਸੇ ਇਕ ਦੀ ਪਰਿਭਾਸ਼ਾ ਅਤੇ ਤੱਤ ਉੱਪਰ ਨੋਟ ਲਿਖੋ।

ਕਹਾਣੀ, ਨਾਵਲ, ਇਕਾਂਗੀ ਅੰਕ: 10

ਭਾਗ-ੲ

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਦਿਓ-

1) ਭਾਈ ਵੀਰ ਸਿੰਘ ਦੇ ਦੋ ਕਾਵਿ-ਸੰਗ੍ਰਹਿ ਦੇ ਨਾਂ ਲਿਖੋ।
2) 'ਤਾਜ ਮਹੱਲ' ਕਿਸ ਦੀ ਰਚਨਾ ਹੈ।
3) ਵਿੰਡੋ ਸ਼ਾਪਿੰਗ ਦਾ ਲੇਖਕ ਕੌਣ ਹੈ।
4) ਪ੍ਰੋ: ਪੂਰਨ ਸਿੰਘ ਦੀ ਕਾਵਿਤਾ ਕਿਸ ਛੰਦ ਵਿਚ ਲਿਖੀ ਗਈ ਹੈ।
5) ਮਿਸਰਾ ਕਿਸ ਨੂੰ ਆਖਦੇ ਹਨ।
6) ਜਸਵੰਤ ਸਿੰਘ ਕੰਵਲ ਦੇ ਚਾਰ ਨਾਵਲਾਂ ਦੇ ਨਾਂ ਲਿਖੋ।
7) "ਰੂਪ-ਧਾਰਾ" ਨਾਵਲ ਦੇ ਪੰਜ ਮਰਦ ਪਾਤਰਾਂ ਦੇ ਨਾਂ ਲਿਖੋ।
8) ਕੇਸਰ ਦੇ ਪਿਤਾ ਦਾ ਨਾਂ ਕੀ ਸੀ?
9) ਸੁਲਤਾਨਾ ਬਾਰੇ ਤੁਸੀਂ ਕੀ ਜਾਣਦੇ ਹੋ?
10) ਮਾਲਣ ਦੇ ਪੇਕੇ ਕਿੱਥੇ ਸਨ?
11) ਮੋਗੇ ਵਿਚ ਕਿੰਨੇ ਪ੍ਰਾਈਵੇਟ ਕਾਲਜ ਸਨ ਅਤੇ ਜਗਰੂਪ ਕਿਹੜੇ ਕਾਲਜ ਵਿਚ ਦਾਖਲ ਹੋਇਆ?
12) "ਰੂਪ-ਧਾਰਾ" ਨਾਵਲ ਦੀਆਂ ਘਟਨਾਵਾਂ ਕਿਹੜੇ-ਕਿਹੜੇ ਥਾਵਾਂ ਤੇ ਵਾਪਰ ਦੀਆਂ ਹਨ?
13) "ਰੂਪ-ਧਾਰਾ" ਨਾਵਲ ਦੇ ਸਿਰਲੇਖ ਬਾਰੇ ਸੰਖੇਪ ਵਿਚ ਲਿਖੋ।
14) ਮਾਸਟਰ ਸ਼ਿਵਦੱਤ ਕਿਹੋ ਜਿਹਾ ਅਧਿਆਪਕ ਸੀ?
15) ਨਾਟਕ ਦੇ ਤੱਤਾਂ ਦੇ ਨਾਂ ਲਿਖੋ। ਅੰਕ:15×2=30